(This question paper contains 1 printed page)

Roll No.

Sl. No of Question Paper: 493

Unique Paper Code: 212551

D

Name of the Paper: Paper-V: Punjabi Discipline 'A'

Name of the Course: B. A. (Prog.) Punjabi

Semester: V

Duration : 3 hrs

Max Marks : 75

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਆਪਣੀ ਪਾਠ-ਪੁਸਤਕ ਕਾਵਿ-ਸੁਰਾਂ ਦੇ ਆਧਾਰ 'ਤੇ ਆਧੁਨਿਕ ਪੰਜਾਬੀ-ਕਵਿਤਾ ਬਾਰੇ ਵਿਸਤਾਰ ਨਾਲ ਲਿਖੋ। 15

ਜਾਂ

ਹੇਠਾਂ ਦਿੱਤੀਆਂ ਕਾਵਿ-ਰਚਨਾਵਾਂ ਵਿਚੋਂ ਕਿਸੇ ਇਕ ਦਾ ਅਧਿਐਨ ਪੇਸ਼ ਕਰੋ।
ਕਾਵਿ-ਰੰਗ ਸੁੰਦਰਤਾ, ਰਾਧਾ, ਸੰਦੇਸ਼, ਅੰਨਦਾਤਾ

2. ਹੇਠਾਂ ਦਿੱਤੇ ਪ੍ਰਸ਼ਨਾਂ ਵਿਚ ਦੋ ਦੇ ਸੰਖੇਪ ਵਿਚ ਜਵਾਬ ਦਿਉ : 10

1) ਜਿੰਦ ਜੇ ਢਹਿੰਦੀ ਖੇੜਿਉਂ ਢਹਿ ਪੈਂਦੀ ਦੇਹ ਨਾਲ
ਜਿੰਦੜੀ ਹੈ ਜਿਉਂ ਆਸਰਾ ਇਸ ਦੇਹੀ ਦਾ ਨਾਲ
ਤਿਉਂ 'ਖੇੜਾ' ਹੈ ਆਸਰਾ ਇਸ ਜਿੰਦੜੀ ਦਾ ਮਾਲ,
ਖੇੜਾ ਜਿੰਦੜੀ ਇਕ ਹਨ, ਇਕ ਦੋਹਾਂ ਦੀ ਚਾਲ।

ਉਪਰੋਕਤ ਸਤਰਾਂ ਵਿਚ ਲੇਖਕ ਦਾ ਮਨੋਰਥ ਕੀ ਹੈ?

2) "ਸੁਨੇਹੜੇ" ਕਵਿਤਾ ਵਿਚ ਸ਼ਾਇਰਾ ਅੰਮ੍ਰਿਤਾ-ਪ੍ਰੀਤਮ ਕਿਹੜਾ ਸੁਨੇਹਾ, ਕਿਸ ਧਿਰ ਨੂੰ ਦੇਣਾ ਚਾਹੁੰਦੀ ਹੈ?

3) 'ਕਾਵਿ-ਸੁਰਾਂ' ਪੁਸਤਕ ਵਿਚੋਂ ਤੁਹਾਨੂੰ ਕਿਹੜੀ ਕਵਿਤਾ ਪਸੰਦ ਹੈ ਤੇ ਕਿਉਂ? ਚਰਚਾ ਕਰੋ।

3. 'ਮੇਰੇ ਚੋਣਵੇਂ ਇਕਾਂਗੀ' ਪਾਠ-ਪੁਸਤਕ ਦੇ ਆਧਾਰ 'ਤੇ ਹਰਸਰਨ ਸਿੰਘ ਦੀ ਨਾਟ-ਕਲਾ' 'ਤੇ ਨੋਟ ਲਿਖੋ। 15

ਜਾਂ

ਹੇਠਾਂ ਦਿੱਤੇ ਇਕਾਂਗੀਆਂ ਵਿਚੋਂ ਕਿਸੇ ਇਕ ਦੀ ਆਲੋਚਨਾਤਮਕ ਪਛਾਣ ਪੇਸ਼ ਕਰੋ :
ਜੋਤ ਤੋਂ ਜੋਤ ਜਗੇ, ਇਕ ਵਿਚਾਰੀ ਮਾਂ, ਛੂਈ ਮੁਈ, ਤਰੇੜ

4. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਦੋ ਦੇ ਸੰਖੇਪ ਵਿਚ ਉੱਤਰ ਦਿਉ : 10

1) ਇਕਾਂਗੀ ਤੇ ਨਾਟਕ ਵਿਚ ਕੀ ਅੰਤਰ ਹੈ?

2) 'ਵਿਚਾਰੀ ਮਾਂ' ਇਕਾਂਗੀ ਵਿਚ ਵਿਚਾਰੀ ਮਾਂ ਕਿਸਨੂੰ ਕਿਹਾ ਗਿਆ ਹੈ? ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ?

3) 'ਅਣਭਿੱਜ' ਇਕਾਂਗੀ, ਕਿਸ ਸਥਿਤੀ ਦਾ ਸੂਚਕ ਹੈ? ਰਚਨਾਕਾਰ, ਕੀ ਸੁਨੇਹਾ ਪਾਠਕਾਂ ਨੂੰ ਦੇਣਾ ਚਾਹੁੰਦਾ ਹੈ?

5. ਹੇਠਾਂ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਤੇ ਸੰਖੇਪ ਕਰਕੇ ਸਿਰਲੇਖ ਵੀ ਦਿਉ : 5

"ਘਰ ਇੱਟਾ ਜਾਂ ਵਹਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। 'ਘਰ' ਤੋਂ ਭਾਵ ਉਹ ਥਾਂ ਹੈ ਜਿੱਥੇ ਮਨੁੱਖ ਦਾ ਪਿਆਰ ਤੇ ਸੱਧਰਾਂ ਪਲਦੀਆਂ ਹਨ। ਜਿੱਥੇ ਬਾਲਪਨ ਵਿਚ ਮਾਂ, ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ, ਮੁੜ ਆਉਣ ਨੂੰ ਜੀ ਕਰਦਾ ਹੈ। ਜਿੱਥੇ ਬੁਢੇਪੇ ਵਿਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਵਿਚ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿਚ ਮਾਂ ਦੀ ਝੋਲੀ ਵਿਚ ਆਉਂਦਾ ਸੀ, ਘਰ ਮਨੁੱਖੀ ਦੇ ਲਿੱਜੀ ਵਲਵਲਿਆਂ ਕੇਂਦਰ ਹੈ। ਸਗੋਂ ਮਨੁੱਖ ਦਾ ਆਚਰਣ ਬਣਦਾ ਹੀ ਘਰ ਵਿਚ ਹੈ। ਇਹ ਉਸਦੀਆਂ ਰੁਚੀਆਂ 'ਤੇ ਸੁਭਾਅ ਦਾ ਸਾਂਚਾ ਹੈ। ਕਈ ਵਾਰ ਮੈਂ ਕਿਸੇ ਸੱਜਣ ਨੂੰ ਕੋੜੇ ਸੜੀਅਲ ਜਾਂ ਖਿਝੂ ਸੁਭਾਅ ਵਾਲਾ ਦੇਖਦਾ ਹਾਂ ਤਾਂ ਮੈਂ ਦਿਲ ਹੀ ਦਿਲ ਵਿਚ ਕਹਿੰਦਾ ਹਾਂ ਕਿ ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ। "

6. ੳ) ਪੰਜਾਬੀ ਸ਼ਬਦ-ਜੋੜਾਂ ਦੇ ਕੋਈ ਪੰਜ ਨੇਮਾਂ ਨੂੰ ਉਦਾਹਰਣਾਂ ਸਮੇਤ ਪੇਸ਼ ਕਰੋ। 5

ਅ) ਲਗਾਂ ਤੇ ਲਗਾਖਰ ਵਿਚ ਕੀ ਸੰਬੰਧ ਹੈ? ਲਗਾਂ ਕਿੰਨੀਆਂ ਹੁੰਦੀਆਂ ਹਨ, ਉਦਾਹਰਣ ਵੀ ਪੇਸ਼ ਕਰੋ। 5

ੲ) 'ਕਾਰਕ' ਕਿਸ ਨੂੰ ਕਹਿੰਦੇ ਹਨ? ਇਹ ਕਿੰਨੀ ਤਰ੍ਹਾਂ ਦੇ ਹਨ? 5

ਸ) ਹੇਠਾਂ ਦਿੱਤੇ ਅਗੇਤਰ ਤੇ ਪਿਛੇਤਰ ਤੋਂ ਪੰਜ ਸ਼ਬਦ ਬਣਾਉ। 5

ਮਨ, ਹਮ, ਨਿਰ, ਅਪ, ਪਰ, ਖੋਰ, ਕਾਰ, ਧਨ

ੴੴੴ